## ਪੀਐਸਪੀਸੀਐਲ ਵਿੱਚ GATE 2023 ਅੰਕਾਂ (Graduate Aptitude Test in Engineering) ਦੇ ਅਧਾਰ ਤੇ ਭਰਤੀ ਸਬੰਧੀ ਸਾਰਵਜਨਿਕ ਨੋਟਿਸ

GATE (ਗ੍ਰੈਜੂਏਟ ਐਪਟੀਚਿਊਡ ਟੈਸਟ ਇੰਨ ਇੰਜੀਨੀਅਰਿੰਗ) 2023 ਅੰਕਾਂ ਦੇ ਅਧਾਰ ਤੇ ਸਹਾਇਕ ਇੰਜੀ:/ਓਟੀ (ਇਲੈਕਟ੍ਰੀਕਲ, ਸਿਵਲ) ਅਤੇ ਸਹਾਇਕ ਮੈਨੇਜਰ/ਆਈ.ਟੀ ਸਿਸਟਮਜ ਦੀ ਅਸਾਮੀ ਲਈ ਭਰਤੀ ਸਬੰਧੀ

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐਸਪੀਸੀਐਲ), ਪੰਜਾਬ ਸਰਕਾਰ ਦੀ ਕੰਪਨੀ ਹੈ, ਜੋ ਕਿ ਪੂਰੇ ਪੰਜਾਬ ਰਾਜ ਵਿੱਚ ਊਰਜਾ ਦੇ ਉਤਪਾਦਨ ਅਤੇ ਵੰਡ ਲਈ ਜ਼ਿੰਮੇਵਾਰ ਹੈ। ਪੀਐਸਪੀਸੀਐਲ ਵੱਲੋਂ GATE 2023 ਦੇ ਅੰਕਾਂ ਦੇ ਅਧਾਰ ਤੇ ਸਹਾਇਕ ਇੰਜੀਨੀਅਰ/ਓਟੀ (ਇਲੈਕਟ੍ਰੀਕਲ, ਸਿਵਲ) ਅਤੇ ਸਹਾਇਕ ਮੈਨੇਜਰ/ਆਈ.ਟੀ ਸਿਸਟਮਜ ਦੀ ਭਰਤੀ ਕਰਨ ਦਾ ਫੈਸਲਾ ਲਿਆ ਗਿਆ ਹੈ।

ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੀਐਸਪੀਸੀਐਲ ਵਿੱਚ ਬਤੌਰ ਸਹਾਇਕ ਇੰਜੀਨੀਅਰ/ਓਟੀ (ਇਲੈਕਟ੍ਰੀਕਲ, ਸਿਵਲ) ਅਤੇ ਸਹਾਇਕਮੈਨੇਜਰ/ਆਈ.ਟੀ ਸਿਸਟਮਜ ਜੁਆਇੰਨ ਕਰਨ ਦੇ ਚਾਹਵਾਨ ਉਮੀਦਵਾਰਾਂ ਲਈ GATE 2023 ਵਿੱਚ ਅਪੀਅਰ ਹੋਣਾ ਲਾਜਮੀ ਹੋਵੇਗਾ। ਪੀਐਸਪੀਸੀਐਲ ਦੇ ਉਪਰੋਕਤ ਦਰਸਾਏ ਡਿਸਿਪਲਨ ਅਧੀਨ GATE 2023 ਦੇ ਪੇਪਰ ਲਈ ਕੇਵਲ ਹੇਠ ਲਿਖੇ ਅਨੁਸਾਰ ਡਿਗਰੀ ਧਾਰਕ ਯੋਗ ਮੰਨੇ ਜਾਣਗੇ:-

*ਨੋਟ: ਇਥੇ ਇਹ ਦੱਸਣਯੋਗ ਹੈ ਕਿ ਕੇਵਲ GATE-2023 ਕੁਆਲੀਫਾਈਡ ਉਮੀਦਵਾਰ ਹੀ ਇਸ ਭਰਤੀ ਪ੍ਰੀਕ੍ਰਿਆ ਲਈ ਯੋਗ ਹੋਣਗੇ।*

| Sr. No. | Name of Post | Basic and Professional Qualification | Pay Scale |
|---|---|---|---|
| I | **Assistant Engineer (On Training)** | Full time regular B.E./B. Tech./BSc. degrees in Engineering with a minimum of 60% marks or equivalent degree recognized by AICTE or AMIE with 60% marks from Institution of Engineers (India) Kolkata in the discipline of:- | As per dept. of Finance, Govt. of Punjab notification of pay scale 7/42/2020-5 F.P. 1/741-746 dated 17.07.2020 |
| a. | **Electrical Engineering** | Electrical Engineering or Electrical & Electronics Engineering | |
| b. | **Civil** | Civil Engineering | |
| II | **Assistant Manager/IT Systems** | Full Time regular B.E./B. Tech/B.Sc. Engineering in Comp. Science/IT with a minimum of 60% marks or equivalent degree recognized by AICTE or Full time regular MCA with atleast 60% marks or Full time regular Masters degree in IT with atleast 60% marks | As per dept. of Finance, Govt. of Punjab notification of pay scale 7/42/2020-5 F.P. 1/741-746 dated 17.07.2020 |

ਵਧੇਰੇ ਜਾਣਕਾਰੀ GATE 2023 ਵੈਬਸਾਈਟ https://app.gate.iitk.ac.in/login ਤੇ ਲਈ ਜਾ ਸਕਦੀ ਹੈ।

## Important dates for GATE 2023 Examination:

| | |
|---|---|
| Opening date | 30 August 2022 |
| Closing Date | 30 September 2022 |
| Extended Closing Date | 07 October 2022 |

## Schedule of GATE 2023 Examination

| Date | Day |
|---|---|
| 04.02.2023 | Saturday |
| 05.02.2023 | Sunday |
| 11.02.2023 | Saturday |
| 12.02.2023 | Sunday |

ਹੇਠ ਲਿਖੇ ਅਨੁਸਾਰ ਪੰਜਾਬ ਸਰਕਾਰ/ਪੀਐਸਪੀਸੀਐਲ ਦੀਆਂ ਨਿਯਮ ਤੇ ਸ਼ਰਤਾਂ ਲਾਗੂ ਹੋਣਗੀਆਂ:-

(ੳ) ਉਮਰ ਦੀ ਹੱਦ/ਰਾਖਵਾਂਕਰਨ:-

ਉਮਰ ਦੀ ਹੱਦ/ਰਾਖਵੇਂ ਕਰਨ ਦਾ ਮਾਪ ਦੰਡ ਪੰਜਾਬ ਸਰਕਾਰ ਦੀਆਂ ਤਾਜ਼ਾ ਹਦਾਇਤਾਂ ਅਨੁਸਾਰ ਹਰੇਕ ਕਲੈਂਡਰ ਸਾਲ, ਜਿਸ ਸਾਲ ਭਰਤੀ ਲਈ ਵਿਗਿਆਪਨ ਦਿੱਤਾ ਜਾ ਰਿਹਾ ਹੈ, ਦੀ ਪਹਿਲੀ ਜਨਵਰੀ ਨੂੰ 18 ਤੋਂ 37 ਸਾਲ ਦੇ ਵਿੱਚ ਹੈ।

(ਅ) ਪੰਜਾਬੀ ਦੀ ਯੋਗਤਾ ਜ਼ਰੂਰੀ ਹੈ:-

ਹਰੇਕ ਉਮੀਦਵਾਰ ਲਈ ਦਸਤਾਵੇਜ਼ ਚੈਕਿੰਗ ਦੀ ਮਿਤੀ ਤੱਕ ਮੈਟ੍ਰਿਕ/ਦਸਵੀਂ ਜਾਂ ਇਸ ਦੇ ਸਮਾਨ ਪੱਧਰ ਦੀ ਪੰਜਾਬੀ ਪਾਸ ਹੋਣਾ ਲਾਜ਼ਮੀ ਹੋਵੇਗਾ।

(ੲ) ਵਿਦਿਆਰਥੀਆਂ ਦੀ ਯੋਗਤਾ ਸਬੰਧੀ:-

ਇੰਜੀਨੀਅਰਿੰਗ/ਕੁਆਲੀਫਾਇੰਗ ਡਿਗਰੀ (ਸੈਸ਼ਨ 2022-2023) ਦਾ ਆਖਰੀ ਸਾਲ ਪੂਰਾ ਕਰ ਚੁੱਕੇ ਜਾਂ ਆਖਰੀ ਸਾਲ ਵਿੱਚ ਅਪੀਅਰ ਹੋ ਰਹੇ ਉਮੀਦਵਾਰ ਵੀ ਅਪਲਾਈ ਕਰ ਸਕਦੇ ਹਨ ਬਸ਼ਰਤੇ ਉਹਨਾਂ ਵੱਲੋਂ ਦਸਤਾਵੇਜ਼ ਚੈਕਿੰਗ ਦੀ ਮਿਤੀ ਤੱਕ ਲੋੜੀਂਦੀ ਯੋਗਤਾ ਪ੍ਰਾਪਤ ਕਰ ਲਈ ਜਾਵੇਗੀ।

(ਸ) ਭਰਤੀ ਲਈ ਅਸਲ ਅਸਾਮੀਆਂ ਅਤੇ ਰਜਿਸਟ੍ਰੇਸ਼ਨ ਪ੍ਰੀਕਿਰਿਆ ਲਈ ਸੰਪੂਰਣ ਵਿਵਰਣ:-

ਭਰਤੀ ਰਜਿਸ਼ਟ੍ਰੇਸ਼ਨ ਪ੍ਰੀਕ੍ਰਿਆ ਲਈ ਨਿਯਮਤਾਵਾਂ, ਸ਼ਰਤਾਂ, ਅਸਾਮੀਆਂ ਦੀ ਗਿਣਤੀ ਅਤੇ ਸੇਧਾਂ ਦਰਸਾਉਂਦਾ ਵਿਸਥਾਰ ਨੋਟਿਸ ਵੱਖਰੇ ਤੌਰ ਤੇ ਅਖਬਾਰਾਂ ਅਤੇ ਪੀਐਸਪੀਸੀਐਲ ਦੀ ਵੈਬਸਾਈਟ www.pspcl.in ਤੇ ਬਾਅਦ ਵਿੱਚ ਦਿੱਤਾ ਜਾਵੇਗਾ। ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਕੈਟਾਗਰੀ ਅਨੁਸਾਰ ਸਹਾਇਕ ਇੰਜੀਨੀਅਰ/ਓਟੀ (ਇਲੈਕਟ੍ਰੀਕਲ, ਸਿਵਲ) ਅਤੇ ਸਹਾਇਕ ਮੈਨੇਜਰ/ਆਈ.ਟੀ ਸਿਸਟਮਜ ਦੀਆਂ ਅਸਾਮੀਆਂ ਭਰਨ ਲਈ ਵਿਗਿਆਪਤ ਕੀਤੀਆਂ ਜਾਂ ਨਾ ਕੀਤੀਆਂ ਜਾ ਸਕਦੀਆਂ ਹਨ, ਜੋ ਕਿ ਪੀਐਸਪੀਸੀਐਲ ਦੀ ਲੋੜ ਤੇ ਨਿਰਭਰ ਕਰੇਗਾ।

ਵਧੇਰੇ ਜਾਣਕਾਰੀ ਲਈ ਉਮੀਦਵਾਰ ਸਮੇਂ ਸਮੇਂ ਤੇ ਪੀਐਸਪੀਸੀਐਲ ਦੀ ਵੈਬਸਾਈਟ (www.pspcl.in) ਚੈਕ ਕਰ ਸਕਦੇ ਹਨ।

ਸਥਾਨ: ਪਟਿਆਲਾ
ਮਿਤੀ: 23.09.22

ਮੁੱਖ ਇੰਜੀਨੀਅਰ/ਐਚ.ਆਰ.ਡੀ,
ਪੀ.ਐਸ.ਪੀ.ਸੀ.ਐਲ, ਪਟਿਆਲਾ।